# ਪਬਲਿਕ ਸਹੂਲਤਾਂ ਬਾਰੇ ਲੋਕਾਂ ਦੀ ਚੇਤਨਾ

14.6.97

## ਗੁਰਸ਼ਰਨ ਸਿੰਘ

### ਇਹੁ ਹਮਾਰਾ ਜੀਵਣਾ

ਕੋਈ ਸਾਂਝੀ ਥਾਂ ਹੋਵੇ, ਬੱਸ ਸਟੈਂਡ, ਮਾਰਕੀਟ, ਪਾਰਕ ਉੱਥੇ ਪੇਸ਼ਾਬ ਕਰਨ ਦੀ ਥਾਂ ਜੋ ਵੀ ਬਣਾਈ ਜਾਂਦੀ ਹੈ, ਉੱਥੇ ਸਫ਼ਾਈ ਦਾ ਨਾਂ-ਨਿਸ਼ਾਨ ਨਹੀਂ ਹੁੰਦਾ। ਇਨ੍ਹਾਂ ਪਬਲਿਕ ਸਹੂਲਤਾਂ ਬਾਰੇ ਸਾਡੀ ਚੇਤਨਾ ਸਿਫ਼ਰ ਵਰਗੀ ਹੈ।

ਚੋਲ੍ਹਾ ਸਾਹਿਬ, ਅੰਮ੍ਰਿਤਸਰ ਜ਼ਿਲ੍ਹੇ ਦਾ ਇਕ ਵੱਡਾ ਕਸਬਾ ਹੈ। ਬੜਾ ਹੀ ਸ਼ਾਨਦਾਰ ਗੁਰਦੁਆਰਾ ਉਥੇ ਬਣਾਇਆ ਗਿਆ ਹੈ। ਵੱਡੇ ਧਾਰਮਿਕ ਮੇਲੇ ਉੱਥੇ ਲੱਗਦੇ ਹਨ। ਮੈਂ ਇਕ ਰਾਤ ਉੱਥੇ ਨਾਟਕ ਕਰਨ ਗਿਆ। ਨਾਟਕ ਵਿਚ ਔਰਤ ਚੇਤਨਾ ਦੀ ਗੱਲ ਕਹੀ ਗਈ ਸੀ। ਮੈਨੂੰ ਉੱਥੇ ਦਸਵੀਂ ਜਮਾਤ ਵਿਚ ਪੜ੍ਹਦੀਆਂ ਕੁੱਝ ਕੁੜੀਆਂ ਨੇ ਕਿਹਾ ਕਿ ਮੈਂ ਸਵੇਰੇ ਉਨ੍ਹਾਂ ਦੇ ਸਕੂਲ ਜ਼ਰੂਰ ਆਵਾਂ, ਉਹ ਮੇਰੇ ਨਾਲ ਖੁੱਲ੍ਹ ਕੇ ਗੱਲਾਂ ਕਰਨੀਆਂ ਚਾਹੁੰਦੀਆਂ ਸਨ। ਮੈਂ ਉੱਥੇ ਗਿਆ ਤਾਂ ਗੇਟ 'ਚ ਦਾਖਲ ਹੁੰਦਿਆਂ ਹੀ ਪੇਸ਼ਾਬ ਦੀ ਬੋਅ ਦੀਆਂ ਲਪਟਾਂ ਨੇ ਮੇਰਾ ਸੁਆਗਤ ਕੀਤਾ। ਮੈਂ ਇਸ ਵਿਸ਼ੇ 'ਤੇ ਮੁੱਖ ਅਧਿਆਪਕਾ ਨਾਲ ਗੱਲ ਕੀਤੀ। ਉਹਨੇ ਦੱਸਿਆ ਕਿ 400 ਕੁੜੀਆਂ ਸਕੂਲ ਵਿਚ ਪੜ੍ਹਦੀਆਂ ਹਨ। ਸਵੇਰੇ 8 ਵਜੇ ਤੋਂ ਦੁਪਹਿਰ ਦੋ ਵਜੇ ਤੱਕ ਸਕੂਲ ਦਾ ਵਕਤ ਹੈ, ਪਰ ਸਕੂਲ ਵਿਚ ਲੜਕੀਆਂ ਦੇ ਪੇਸ਼ਾਬ ਕਰਨ ਦੀ ਕੋਈ ਥਾਂ ਨਹੀਂ। ਇਕ ਕੰਧ ਦੇ ਓਹਲੇ ਹੀ ਉਹ ਇਹ ਕਰਦੀਆਂ ਹਨ। ਮੁੱਖ ਅਧਿਆਪਕਾ ਨੇ ਇਹ ਦੱਸਿਆ ਕਿ ਉਹਨੇ ਇਸ ਬਾਰੇ ਉੱਚ-ਅਧਿਕਾਰੀਆਂ ਨੂੰ ਵੀ ਬੜੀ ਵਾਰੀ ਲਿਖਿਆ ਹੈ ਪਰ ਕੋਈ ਅਸਰ ਨਹੀਂ। ਪੰਜਾਬ ਦਾ ਵਿੱਦਿਆ ਬਜਟ ਕੋਈ 69 ਕਰੋੜ ਹੈ। ਵਿੱਦਿਆ ਮੰਤਰੀ ਹੈ, ਵਿੱਦਿਆ ਸੈਕਟਰੀ ਹੈ, ਡਾਇਰੈਕਟਰ ਹਨ, ਡਿਪਟੀ ਡਾਇਰੈਕਟਰ ਹਨ, ਜ਼ਿਲ੍ਹਾ ਸਕੂਲ ਇੰਸਪੈਕਟਰ ਹਨ, ਬਲਾਕ ਇੰਸਪੈਕਟਰ ਹਨ ਪਰ ਕਿਸੇ ਨੇ ਇਹ ਧਿਆਨ ਕਿਉਂ ਨਹੀਂ ਕੀਤਾ ਕਿ ਹਰ ਇਕ ਸਕੂਲ ਤੇ ਖਾਸ ਕਰਕੇ ਲੜਕੀਆਂ ਦੇ ਸਕੂਲ ਚੰਗੀਆਂ ਸੁਥਰੀਆਂ ਪੇਸ਼ਾਬ ਕਰਨ ਦੀਆਂ ਥਾਵਾਂ ਮੁਹੱਈਆ ਕੀਤੀਆਂ ਜਾਣ, ਜਿੱਥੇ ਪਾਣੀ ਖੁੱਲ੍ਹਾ ਹੋਵੇ। ਬਾਕਾਇਦਾ ਟਾਇਲ ਵਾਲੀਆਂ ਸੀਟਾਂ ਹੋਣ, ਪਰਦੇ ਲਈ ਦਰਵਾਜ਼ੇ ਹੋਣ। ਪਰ ਇਹ ਸਭ ਕੁੱਝ ਇਸ ਲਈ ਨਹੀਂ ਕਿ ਸਾਨੂੰ ਇਨ੍ਹਾਂ ਪਬਲਿਕ ਸਹੂਲਤਾਂ ਬਾਰੇ ਸਹੀ ਚੇਤਨਾ ਨਹੀਂ ਹੈ।

ਸਕੂਲ ਤੋਂ ਬਾਅਦ ਮੈਂ ਬਾਜ਼ਾਰ ਵਿਚ ਚੋਲ੍ਹਾ ਸਾਹਿਬ ਦੇ ਕੁੱਝ ਪ੍ਰਮੁੱਖ ਨਾਗਰਿਕਾਂ ਨਾਲ ਗੱਲ ਕੀਤੀ ਕਿ ਜੇਕਰ ਸਰਕਾਰ ਨੇ ਤੁਹਾਡੀਆਂ ਬੇਟੀਆਂ ਦੇ ਸਕੂਲ ਵਿਚ ਸਹੂਲਤ ਮੁਹੱਈਆ ਨਹੀਂ ਕੀਤੀ ਤਾਂ ਤੁਸੀਂ ਆਪ ਫੰਡ ਜਮ੍ਹਾਂ ਕਰਕੇ ਇਹ ਕੰਮ ਕਰ ਦੇਵੋ। ਏਨਾ ਸ਼ਾਨਦਾਰ ਗੁਰਦੁਆਰਾ ਵੀ ਤੁਸੀਂ ਕਾਰ ਸੇਵਾ ਕਰਕੇ ਬਣਾਇਆ ਹੈ, ਥੋੜ੍ਹੀ ਜਿਹੀ ਕਾਰ ਸੇਵਾ ਇਹ ਵੀ ਜ਼ਰੂਰ ਕਰੋ। ਤੁਹਾਡੀਆਂ ਬੇਟੀਆਂ ਦੀ ਸਿਹਤ ਦਾ ਸਵਾਲ ਹੈ। ਉਨ੍ਹਾਂ ਨੇ ਮੇਰੇ ਨਾਲ ਵਾਅਦਾ ਕੀਤਾ ਕਿ ਉਹ ਜ਼ਰੂਰ ਇਸ ਤਰ੍ਹਾਂ ਕਰਨਗੇ, ਇਹ ਕਿਹੜਾ ਕੋਈ ਮੁਸ਼ਕਲ ਕੰਮ ਹੈ? ਮੁਸ਼ਕਲ ਬਿਲਕੁਲ ਨਹੀਂ, ਸਿਰਫ ਚੇਤਨਾ ਦੀ ਲੋੜ ਹੈ। ਮੈਂ ਅਖ਼ਬਾਰ ਵਿਚ ਇਕ ਖ਼ਬਰ ਪੜ੍ਹੀ ਸੀ ਕਿ ਗੁਰਦਾਸਪੁਰ ਦੀ ਡਿਪਟੀ ਕਮਿਸ਼ਨਰ ਬੀਬੀ ਰਵਨੀਤ ਕੌਰ ਹੋਰਾਂ ਨੇ ਇਸ ਮਸਲੇ ਵੱਲ ਧਿਆਨ ਦਿੱਤਾ ਹੈ। ਬੜੀ ਚੰਗੀ ਗੱਲ ਹੈ। ਉਮੀਦ ਕੀਤੀ ਜਾਂਦੀ ਹੈ ਕਿ ਪੰਜਾਬ ਦੇ ਹਰ ਸਕੂਲ ਵਿਚ ਇਹ ਘੱਟ ਤੋਂ ਘੱਟ ਸਹੂਲਤ ਮੁਹੱਈਆ ਕੀਤੀ ਜਾਏਗੀ। ਸਕੂਲ ਵਿਚ ਹੀ ਤੇ ਹੋਰਨਾਂ ਪਬਲਿਕ ਥਾਵਾਂ 'ਤੇ ਸਾਫ਼-ਸੁਥਰੀਆਂ ਜਿੱਥੇ ਪਾਣੀ ਦੀ ਸਪਲਾਈ ਹੋਵੇ, ਇਹ ਪਿਸ਼ਾਬ ਕਰਨ ਦੀਆਂ ਸਹੂਲਤਾਂ ਮੁਹੱਈਆ ਕੀਤੀਆਂ ਜਾਣਗੀਆਂ।

14-6-1997

## ਦਲਿਤ ਸਾਹਿਤ ਅਤੇ ਇਨਕਲਾਬੀ ਸਾਹਿਤ ਦਾ ਆਪਸੀ ਰਿਸ਼ਤਾ

ਇਨਕਲਾਬੀ ਸਾਹਿਤ ਦੱਬੇ-ਕੁਚਲੇ ਲੋਕਾਂ ਨੂੰ ਜਾਗ੍ਰਿਤ ਕਰਕੇ ਇਕ ਬਰਾਬਰੀ ਦਾ ਸਮਾਜ ਬਣਾਉਣ ਲਈ ਪ੍ਰੇਰਤ ਕਰਦਾ ਹੈ। ਦੱਬੇ-ਕੁਚਲੇ ਲੋਕਾਂ ਵਿਚ ਦਲਿਤ ਵਰਗ ਮੁੱਖ ਵਰਗ ਹੈ। ਹੁਣ ਤੱਕ ਇਨਕਲਾਬੀ ਸਾਹਿਤ ਨੇ ਵਰਗ ਚੇਤਨਾ 'ਤੇ ਜ਼ੋਰ ਦਿੱਤਾ ਹੈ। ਜਾਤ-ਚੇਤਨਾ ਨੂੰ ਨਜ਼ਰ-ਅੰਦਾਜ਼ ਕੀਤਾ ਹੈ। ਇਸੇ ਤਰ੍ਹਾਂ ਦਲਿਤ ਸਾਹਿਤ ਨੇ ਵਰਗ ਚੇਤਨਾ ਨੂੰ ਨਜ਼ਰ-ਅੰਦਾਜ਼ ਕੀਤਾ ਹੈ। ਚੰਗੇ ਬਰਾਬਰੀ ਵਾਲੇ ਸਮਾਜ ਨੂੰ ਉਸਾਰਨ ਲਈ ਦੋਨੋਂ ਸਾਹਿਤ ਧਾਰਾਵਾਂ ਨੂੰ ਆਪਸੀ ਰਿਸ਼ਤੇ ਸਮਝਕੇ ਇਕ-ਦੂਜੇ ਦਾ ਸਹਿਯੋਗ ਦੇਣਾ ਬਣਦਾ ਹੈ। ਅਸਲ ਵਿਚ ਦੋਨੋਂ ਸਾਹਿਤ- ਧਾਰਾਵਾਂ ਬੁਨਿਆਦੀ ਤੌਰ 'ਤੇ ਇਕ ਹੀ ਹਨ।